ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030218
Available online at: www.armaan.org.in
DOI: https://doi.org/10.64119/armaan.vol.3.issue2.18

# PARAMPARA BANAM AADHUNIKTA

## ('SAMDARSHAN' DE PRASANG VICH)

# ਪਰੰਪਰਾ ਬਨਾਮ ਆਧੁਨਿਕਤਾ

## ('ਸਮਦਰਸ਼ਨ' ਦੇ ਪ੍ਰਸੰਗ ਵਿਚ)

**ਡਾ. ਰਜਿੰਦਰ ਕੌਰ** (Dr. Rajinder Kaur)
**ਅਸਿਸਟੈਂਟ ਪ੍ਰੋਫ਼ੈਸਰ** (Assistant Professor)
**ਐਸ.ਐਮ.ਡੀ.ਆਰ.ਐਸ.ਡੀ. ਕਾਲਜ, ਪਠਾਨਕੋਟ (ਪੰਜਾਬ)**
Email ID: virkrajinder729@gmail.com **ਮੋਬਾਈਲ**: +91-89684-11104

**ਸਾਰ (Abstract)**

ਡਾ. ਅਤਰ ਸਿੰਘ ਪੰਜਾਬੀ ਸਾਹਿਤ ਚਿੰਤਨ ਦਾ ਵਿਲੱਖਣ ਹਸਤਾਖ਼ਰ ਹੈ। ਡਾ. ਅਤਰ ਸਿੰਘ ਤੋਂ ਪੂਰਵਲਾ ਸਾਹਿਤ ਚਿੰਤਨ ਆਰੰਭਿਕ ਪੜਾਅ ਜਿਸਨੂੰ ਪ੍ਰਭਾਵਵਾਦੀ, ਪ੍ਰਸ਼ੰਸਾਵਾਦੀ, ਆਦਰਸ਼ਵਾਦੀ ਕਿਹਾ ਜਾਂਦਾ ਸੀ ਰਾਹੀਂ ਸਫਰ ਤੈਅ ਕਰਦਾ ਮਾਰਕਸਵਾਦੀ-ਪ੍ਰਗਤੀਵਾਦੀ ਨਾਮਕਰਣ ਅਧੀਨ ਵਿਚਰਦਾ ਇਕ ਵਿਲੱਖਣ ਨੁਹਾਰ ਸਥਾਪਿਤ ਕਰ ਚੁੱਕਾ ਸੀ। ਡਾ. ਅਤਰ ਸਿੰਘ ਨੇ 1959 ਵਿਚ ਆਪਣੀ ਪ੍ਰਥਮ ਪੁਸਤਕ 'ਕਾਵਿ-ਅਧਿਐਨ' ਨਾਲ ਪੰਜਾਬੀ ਸਾਹਿਤ ਚਿੰਤਨ ਵਿਚ ਪ੍ਰਵੇਸ਼ ਕੀਤਾ। ਡਾ. ਅਤਰ ਸਿੰਘ ਨੇ ਵਿਭਿੰਨ ਸਿੱਧਾਂਤਕ ਆਧਾਰ ਅਪਣਾ ਕੇ ਚਿੰਤਨ ਦੀ ਗਤੀਸ਼ੀਲਤਾ ਦੀ ਪਛਾਣ ਕਰਵਾਈ। ਇਸ ਖੋਜ-ਪੱਤਰ ਦਾ ਉਦੇਸ਼ ਡਾ. ਅਤਰ ਸਿੰਘ ਦੀ ਪੁਸਤਕ 'ਸਮਦਰਸ਼ਨ' ਦੇ ਮਜ਼ਮੂਨ 'ਪਰੰਪਰਾ ਤੇ ਆਧੁਨਿਕਤਾ' ਨੂੰ ਅਧਾਰ ਬਣਾ ਕੇ ਵਿਭਿੰਨ ਸੰਕਲਪਾਂ ਜਿਵੇਂ ਪਰੰਪਰਾ, ਪਰੰਪਰਾਵਾਦ, ਆਧੁਨਿਕਤਾ, ਆਧੁਨਿਕਤਾਵਾਦ, ਸਮਕਾਲੀ, ਨਵੀਨ ਸਾਹਿਤ ਦੇ ਅਰਥ ਘੇਰਿਆਂ ਨੂੰ ਪਛਾਨਣ ਦਾ ਯਤਨ ਕਰਨਾ ਹੈ। ਜਿਸ ਦੁਆਰਾ ਪਰੰਪਰਾ ਅਤੇ ਆਧੁਨਿਕਤਾ ਨੂੰ ਸੰਮਿਲਨ ਰੂਪ ਵਿਚ ਸਮਝਣਯੋਗ ਬਣਾਇਆ ਜਾ ਸਕੇ। ਇਸ ਖੋਜ-ਪੱਤਰ ਦਾ ਉਦੇਸ਼ 'ਪਰੰਪਰਾ' ਸ਼ਬਦ ਨੂੰ ਨਾਂਹਮੁਖੀ ਅਰਥਾਂ ਵਿਚੋਂ ਬਾਹਰ ਕੱਢ ਕੇ ਸਕਾਰਾਤਮਕ ਅਰਥਾਂ ਦੀ ਪਹਿਚਾਣ ਕਰਵਾਉਣਾ ਹੈ।

***ਕੀਵਰਡ (Keyword): ਪਰੰਪਰਾ, ਪਰੰਪਰਾਵਾਦ, ਆਧੁਨਿਕਤਾ, ਆਧੁਨਿਕਤਾਵਾਦ, ਪੁਰਾਤਨ ਸਾਹਿਤ, ਸਮਕਾਲੀ ਸਾਹਿਤ।***

ਪੰਜਾਬੀ ਸਾਹਿਤ ਚਿੰਤਨ ਵਿਚ ਲੰਮਾ ਅਰਸਾ ਅਧਿਐਨ ਤੇ ਅਧਿਆਪਨ ਉਪਰੰਤ ਇਹ ਧਾਰਨਾ ਸਰਬ-ਪ੍ਰਵਾਨਤ ਹੋ ਚੁੱਕੀ ਹੈ ਕਿ ਪੰਜਾਬੀ ਆਲੋਚਨਾ ਦਾ ਆਰੰਭ ਬਾਵਾ ਬੁੱਧ ਸਿੰਘ ਤੋਂ ਹੋਇਆ ਪਰੰਤੂ ਬਾਵਾ ਬੁੱਧ ਸਿੰਘ ਤੋਂ ਪੂਰਵਲੀ ਆਲੋਚਨਾ ਜੋ ਟਿੱਪਣੀਆਂ ਦੇ ਰੂਪ ਵਿਚ ਮੌਜੂਦ ਹੈ, ਪਿਛੋਕੜ ਗੁਰੂ ਨਾਨਕ ਦੇਵ ਜੀ, ਕਿੱਸਾ ਕਵੀਆਂ ਦੀਆਂ ਆਪਣੇ ਸਮਕਾਲੀਆਂ ਅਤੇ ਪੂਰਵਲੇ ਕਵੀਆਂ ਦੀ ਕਵਿਤਾ ਸਬੰਧੀ ਟਿੱਪਣੀਆਂ, ਪੁਰਾਤਨ ਵਾਰਤਕ ਸਬੰਧੀ ਟਿੱਪਣੀਆਂ ਨੂੰ ਵੀ ਆਰੰਭਕ ਪਰੰਤੂ ਸਿਰਜਣਾਤਮਕ ਆਲੋਚਨਾ ਦੇ ਨਾਮ ਹੇਠ ਸਮੇਂ-ਸਮੇਂ ਤੇ ਵਿਚਾਰ ਅਧੀਨ ਲਿਆਂਦਾ ਗਿਆ। ਬੇਸ਼ਕ ਇਹ ਆਰੰਭਕ ਆਲੋਚਨਾ ਪ੍ਰੋੜ੍ਹ ਆਲੋਚਨਾ ਦਾ ਰੂਪ ਅਖਤਿਆਰ ਨਹੀਂ ਕਰ ਸਕਦੀ ਪਰੰਤੂ ਇਸਨੂੰ ਆਲੋਚਨਾ ਦੇ ਖੇਤਰ ਵਿਚ ਮਨਫ਼ੀ ਨਹੀਂ ਕੀਤਾ ਜਾ ਸਕਦਾ। ਇਸ ਕਿਸਮ ਦੇ ਆਲੋਚਨਾਤਮਕ ਕਾਰਜ ਵਿਚੋਂ ਆਲੋਚਨਾਤਮਕ ਵਿਵੇਕ ਦੀ ਪਛਾਣ ਕੀਤੀ ਜਾ ਸਕਦੀ ਹੈ। ਉਸ ਪਛਾਣ ਵਿਚੋਂ ਕੁਝ ਆਲੋਚਨਾਤਮਕ ਬਿੰਦੂਆਂ ਦਾ ਨਿਖੇੜਾ ਕੀਤਾ ਜਾ ਸਕਦਾ ਹੈ ਪਰੰਤੂ ਉਸਨੂੰ ਆਲੋਚਨਾ ਮੰਨਣ ਦਾ ਤਰਕ ਸਥਾਪਤ ਨਹੀਂ ਕੀਤਾ ਜਾ ਸਕਦਾ। ਅਜਿਹਾ ਕਰਨ ਦੀ ਹਾਲਤ ਵਿਚ ਸਮੁੱਚਾ ਚਿੰਤਨ ਧਾਰਮਿਕ, ਪ੍ਰਸ਼ੰਸਾਮਈ ਤੇ ਉਪਭਾਵੁਕ ਸੁਭਾਅ ਕਰਕੇ ਪ੍ਰੋੜ੍ਹ ਵਿਚਾਰਧਾਰਕ ਪੱਧਰ ਤੋਂ ਦੂਰ ਚਲਾ ਜਾਵੇਗਾ।

ਡਾ. ਅਤਰ ਸਿੰਘ ਪੰਜਾਬੀ ਸਾਹਿਤ ਚਿੰਤਨ ਦੇ ਖੇਤਰ ਵਿਚ ਇਕ ਸਥਾਪਿਤ ਹਸਤਾਖਰ ਹੈ। ਡਾ. ਅਤਰ ਸਿੰਘ ਨੇ ਸਾਹਿਤ ਚਿੰਤਨ ਨਾਲ ਸਬੰਧਿਤ ਚਾਰ ਮੌਲਿਕ ਪੁਸਤਕਾਂ 'ਕਾਵਿ ਅਧਿਐਨ' (1959), 'ਦ੍ਰਿਸ਼ਟੀਕੋਣ' (1963), 'ਸਮਦਰਸ਼ਨ' (1975) ਅਤੇ 'ਸਾਹਿਤ ਸੰਵੇਦਨਾ' (1984) ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਭੂਮਿਕਾਵਾਂ, ਟਿੱਪਣੀਆਂ, ਮੁਖ ਬੰਦ, ਖੋਜ-ਪੱਤਰ ਆਦਿ ਦੇ ਰੂਪ ਵਿਚ ਵੀ ਉਪਲਬਧ ਹੈ। ਪੰਜਾਬੀ ਸਾਹਿਤ ਚਿੰਤਨ ਦੇ ਆਰੰਭਲੇ ਪੜਾਅ ਦੇ ਚਿੰਤਕਾਂ ਨੇ ਵਿਰਸੇ ਦੇ ਇਕੱਤਰੀਕਰਣ ਅਤੇ ਉਸਦੀ ਗੌਰਵਤਾ ਨੂੰ ਉਜਾਗਰ ਕਰਨ ਦਾ ਵਿਸ਼ੇਸ਼ ਯਤਨ ਕੀਤਾ ਜਿਸ ਵਿਚ ਵਿਸ਼ੇਸ਼


Received: 16 May 2025 Accepted: 05 June 2025 Published: 13 June 2025

ਕਰਕੇ ਮੌਲਾ ਬਖ਼ਸ਼ ਕੁਸ਼ਤਾ, ਬਾਵਾ ਬੁੱਧ ਸਿੰਘ ਅਤੇ ਡਾ. ਮੋਹਨ ਸਿੰਘ ਦਾ ਸ਼ੁਮਾਰ ਕੀਤਾ ਜਾਂਦਾ ਹੈ। ਸਪੱਸ਼ਟ ਹੈ ਕਿ ਡਾ. ਅਤਰ ਸਿੰਘ ਤੋਂ ਪੂਰਵਲਾ ਪੰਜਾਬੀ ਸਾਹਿਤ ਚਿੰਤਨ ਆਪਣੀ ਨਕਸ਼-ਨੁਹਾਰ ਸਥਾਪਿਤ ਕਰ ਚੁੱਕਾ ਸੀ। ਇਸ ਤੋਂ ਅਗਲੇ ਪੜਾਅ ਵਾਲੇ ਚਿੰਤਨ ਨੂੰ ਮਾਰਕਸਵਾਦੀ ਪ੍ਰਗਤੀਵਾਦੀ ਦੇ ਨਾਮ ਨਾਲ ਜਾਇਆ ਗਿਆ। ਡਾ. ਅਤਰ ਸਿੰਘ ਕਰੀਬ ਸਾਢੇ ਤਿੰਨ ਦਹਾਕੇ ਪੰਜਾਬੀ ਸਾਹਿਤ ਪਰੰਪਰਾ ਨਾਲ ਜੁੜਿਆ ਰਿਹਾ। ਡਾ. ਅਤਰ ਸਿੰਘ ਆਪਣੇ ਸਿੱਧਾਂਤਕ ਅਧਾਰਾਂ ਨੂੰ ਨਿਰੰਤਰ ਬਦਲਦਾ ਰਿਹਾ। ਡਾ. ਅਤਰ ਸਿੰਘ ਪੰਜਾਬੀ ਸਾਹਿਤ ਚਿੰਤਨ ਦੇ ਖੇਤਰ ਵਿਚ ਸਭ ਤੋਂ ਪਹਿਲਾਂ ਮਾਰਕਸਵਾਦੀ ਸਿਧਾਂਤ ਨੂੰ ਫਿਰ ਰੂਪਵਾਦੀ ਸਿਧਾਂਤ ਨੂੰ ਆਪਣੇ ਚਿੰਤਨ ਦਾ ਆਧਾਰ ਬਣਾਉਂਦਾ ਹੈ। ਪਰੰਤੂ, ਉਥੋਂ ਤਕ ਹੀ ਸੀਮਿਤ ਨਹੀਂ ਰਹਿੰਦਾ। ਇਸ ਪ੍ਰਸੰਗ ਵਿਚ ਉਸਦੇ ਚਿੰਤਨ ਦੀ ਗਤੀਸ਼ੀਲਤਾ ਅਤੇ ਅੰਤਰ-ਵਿਰੋਧਾਂ ਦੀ ਪਛਾਣ ਕੀਤੀ ਜਾ ਸਕਦੀ ਹੈ। ਉਸਦੇ ਚਿੰਤਨ ਵਿਚ ਮਾਰਕਸਵਾਦ, ਰੂਪਵਾਦ, ਅਸਤਿਤਵ-ਵਾਦ, ਸੁਹਜਵਾਦ, ਪੰਜਾਬੀਅਤ ਦੇ ਤੱਤਾਂ ਦੀ ਹੋਂਦ ਨੂੰ ਪਛਾਇਆ ਜਾ ਸਕਦਾ ਹੈ। ਸਪੱਸ਼ਟ ਹੈ ਕਿ ਡਾ. ਅਤਰ ਸਿੰਘ ਦਾ ਸਾਹਿਤ ਚਿੰਤਨ ਮਿਸ਼ਰਿਤ ਸੁਭਾਅ ਦਾ ਧਾਰਨੀ ਹੈ। ਡਾ. ਅਤਰ ਸਿੰਘ ਤੋਂ ਪੂਰਵਲੇ ਸਾਹਿਤ ਚਿੰਤਕਾਂ ਨੇ ਵਧੇਰੇ ਕਰਕੇ ਆਪਣਾ ਧਿਆਨ ਮੱਧਕਾਲੀ ਸਾਹਿਤ ਦੇ ਸਿਧਾਂਤਕ ਜਾਂ ਵਿਹਾਰਕ ਪੱਖ ਉੱਤੇ ਟਿਕਾਈ ਰੱਖਿਆ ਪਰੰਤੂ ਡਾ. ਅਤਰ ਸਿੰਘ ਨੇ ਆਧੁਨਿਕ ਸਾਹਿਤ ਦੀ ਪ੍ਰਸੰਗਿਕਤਾ/ ਸਾਰਥਿਕਤਾ, ਸੁਭਾਅ ਨੂੰ ਸਮਝਣਯੋਗ ਬਣਾਇਆ। ਇਸ ਪ੍ਰਸੰਗ ਵਿਚ ਡਾ. ਹਰਿਭਜਨ ਸਿੰਘ ਭਾਟੀਆ ਦੀ ਨਿਮਨਲਿਖਤ ਧਾਰਨਾ ਵਧੇਰੇ ਦਰੁਸਤ ਪ੍ਰਤੀਤ ਹੁੰਦੀ ਹੈ:

*''ਜੇਕਰ ਸਾਹਿਤਿਆਰਥ (1957) ਵਿਚ ਸੰਤ ਸਿੰਘ ਸੇਖੋਂ ਨੇ 'ਪ੍ਰਗਤੀ' ਨੂੰ ਇਕ ਪ੍ਰਤਿਮਾਨ ਬਣਾਇਆ ਤਾਂ ਡਾ. ਅਤਰ ਸਿੰਘ ਸਿੰਘ ਨੇ 'ਆਧੁਨਿਕਤਾ' ਨੂੰ ਇਕ ਕਸਵੱਟੀ ਵਜੋਂ ਗ੍ਰਹਿਣ ਕੀਤਾ।''*[1]

ਉਸਨੇ ਅਨਿਸਚਿਤ ਅਰਥਾਂ ਦੇ ਧਾਰਨੀ ਸੰਕਲਪਾਂ ਜਿਵੇਂ ਪਰੰਪਰਾ, ਪਰੰਪਰਾਵਾਦਾਂ, ਆਧੁਨਿਕਤਾ, ਆਧੁਨਿਕਤਾਵਾਦ, ਸਮਕਾਲੀ ਤੇ ਨਵੀਨ ਆਦਿ ਦੇ ਅਰਥ ਘੇਰਿਆਂ ਨੂੰ ਨਿਸ਼ਚਿਤ ਕਰਦਿਆਂ ਪਰੰਪਰਾ ਦੇ ਮਹੱਤਵ ਨੂੰ ਉਜਾਗਰ ਕਰਨ ਦਾ ਯਤਨ ਕੀਤਾ। ਡਾ. ਅਤਰ ਸਿੰਘ ਨੇ ਆਪਣੀ ਪੁਸਤਕ ਸਮਦਰਸ਼ਨ ਵਿਚ ਪਰੰਪਰਾ ਅਤੇ ਆਧੁਨਿਕਤਾ ਮਜ਼ਮੂਨ ਹੇਠ ਪਰੰਪਰਾ ਤੇ ਆਧੁਨਿਕਤਾ ਦੇ ਸੰਮਿਲਨ ਤੇ ਸਾਰਥਿਕਤਾ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਇਸ ਖੋਜ ਪੱਤਰ ਵਿਚ ਸਮਦਰਸ਼ਨ ਪੁਸਤਕ ਵਿਚਲੇ ਮਜ਼ਮੂਨ 'ਪਰੰਪਰਾ ਤੇ ਆਧੁਨਿਕਤਾ' ਨੂੰ ਆਧਾਰ ਬਣਾ ਕੇ ਉਸਦੇ ਸਮੁੱਚੇ ਦ੍ਰਿਸ਼ਟੀਕੋਣ ਨੂੰ ਪਛਾਣ ਦਾ ਯਤਨ ਕੀਤਾ ਗਿਆ ਹੈ।

ਪਰੰਪਰਾ ਅਤੇ ਆਧੁਨਿਕਤਾ ਦੇ ਅਰਥ ਘੇਰਿਆਂ ਨੂੰ ਸਪੱਸ਼ਟ ਕਰਦਾ ਹੋਇਆ ਡਾ. ਅਤਰ ਸਿੰਘ ਆਧੁਨਿਕਤਾ ਦੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ। ਸਮਕਾਲੀ ਪੰਜਾਬੀ ਸਾਹਿਤ ਦੀ ਪ੍ਰਸੰਗਿਕਤਾ ਨੂੰ ਸਿੱਧ ਕਰਦਿਆਂ ਉਹ ਪੁਰਾਤਨ ਅਤੇ ਸਮਕਾਲੀ ਪੰਜਾਬੀ ਸਾਹਿਤ ਵਿਚਲੇ ਭੌਤਿਕ, ਰਾਜਨੀਤਕ, ਸਮਾਜਕ ਅਤੇ ਭਾਈਚਾਰਕ ਪੱਧਰ ਵਿਚਲੇ ਅੰਤਰ ਨੂੰ ਵਧੇਰੇ ਜ਼ਿੰਮੇਵਾਰ ਸਮਝਦਾ ਹੈ। ਅੰਗਰੇਜ਼ੀ ਰਾਜ ਦੀ ਸਥਾਪਤੀ ਉਪਰੰਤ ਭਾਰਤੀ ਪੰਜਾਬੀ ਲੋਕਾਂ ਦੀ ਵਿਕਸਿਤ ਚੇਤਨਾ, ਤੀਖਣ ਦ੍ਰਿਸ਼ਟੀ ਦੀ ਉਤਪਤੀ ਨੇ ਪੁਰਾਤਨ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਕੇ ਨਵੇਂ ਮੁੱਲਾਂ ਦੇ ਪ੍ਰਯੋਗ ਨੂੰ ਤਰਜੀਹ ਦਿੱਤੀ। ਬੇਸ਼ਕ ਇਹ ਸਾਰੇ ਪੱਖ ਅਮੂਰਤ ਸਨ।

ਡਾ. ਅਤਰ ਸਿੰਘ ਮੁਢਲੇ ਦੌਰ ਅਤੇ ਆਧੁਨਿਕ/ ਸਨਅਤੀ ਦੌਰ ਦੇ ਉਤਪਾਦਨ ਦੇ ਸਾਧਨਾਂ, ਰੂਪ ਵਟਾਉਂਦੀ ਜੀਵਨ ਸ਼ੈਲੀ, ਰਾਜਨੀਤਕ, ਆਰਥਿਕ, ਸਭਿਆਚਾਰਕ ਕਾਰਣਾਂ ਦੀ ਨਿਸ਼ਾਨਦੇਹੀ ਕਰਦਾ ਹੈ। ਪੁਰਾਤਨ ਜੀਵਨ ਸਧਾਰਨ ਕਦਰਾਂ-ਕੀਮਤਾਂ, ਵਿਸ਼ਵਾਸਾਂ ਅਤੇ ਜੀਵਨ ਸ਼ੈਲੀ ਵਾਲਾ ਸਾਦ-ਮੁਰਾਦਾ ਖੇਤੀ ਪ੍ਰਧਾਨ ਦੌਰ ਸੀ। ਸ਼ਹਿਰੀ ਜੀਵਨ ਸ਼ੈਲੀ ਨੂੰ ਅਪਣਾਉਂਦਾ ਹੋਇਆ ਮਨੁੱਖ ਵਧੇਰੇ ਸ੍ਵੈ-ਕੇਂਦਰਿਤ, ਸਵਾਰਥੀ ਮਨੁੱਖ ਬਣਦਾ ਗਿਆ। ਜੀਵਨ ਸਧਾਰਨ ਨਾ ਰਹਿ ਕੇ ਇਕ ਸੰਘਰਸ਼ ਦਾ ਰੂਪ ਅਖਤਿਆਰ ਕਰ ਗਿਆ। ਦਰਅਸਲ ਡਾ. ਅਤਰ ਸਿੰਘ ਇਸ ਤੱਥ ਨੂੰ ਸਿੱਧ ਕਰਨ ਦਾ ਯਤਨ ਕਰਦਾ ਹੈ ਕਿ ਜਿੱਥੇ ਸਮਕਾਲੀ ਮਨੁੱਖ ਨੇ ਪਦਾਰਥਕ ਦ੍ਰਿਸ਼ਟੀਕੋਣ ਤੋਂ ਵਿਕਾਸ ਕੀਤਾ ਉਥੇ ਸਧਾਰਨ ਅਤੇ ਸਦਾਚਾਰਕ ਜੀਵਨ ਸ਼ੈਲੀ ਉਸ ਤੋਂ ਦੂਰ ਚਲੀ ਗਈ। ਆਧੁਨਿਕ ਅਖਵਾਉਣ ਦੀ ਹੋੜ੍ਹ ਵਿਚ ਮਨੁੱਖ ਨੇ ਸਦਾਚਾਰਕ ਅਤੇ ਸਧਾਰਨ ਜੀਵਨ ਸ਼ੈਲੀ ਨੂੰ ਪੁਰਾਣਾ ਅਤੇ ਵੇਲਾ ਵਿਹਾ ਚੁੱਕੀਆਂ ਕਦਰਾਂ-ਕੀਮਤਾਂ ਦਾ ਦੌਰ ਕਹਿ ਕੇ ਤਿਲਾਂਜਲੀ ਦੇਣੀ ਅਰੰਭ ਕੀਤੀ। ਮਨੁੱਖ ਪਦਾਰਥਕ ਸੁੱਖਾਂ ਦੀ ਪ੍ਰਾਪਤੀ ਦੇ ਘੋਲ ਵਿਚ ਲੱਗਾ ਆਪਣੇ-ਆਪ ਨਾਲੋਂ ਟੁੱਟਦਾ ਗਿਆ। ਸਿੱਟੇ ਵਜੋਂ ਆਦਰ, ਸਾਂਝੇ ਪਰਿਵਾਰਕ ਸਿਸਟਮ ਦੀ ਜਗ੍ਹਾ ਚਿੰਤਾ, ਭਵਿੱਖ ਦੇ ਭੈਅ ਅਤੇ ਦਲਾਲੀ ਨੇ ਲੈ ਲਈ। ਇਸ ਤੱਥ ਨੂੰ ਡਾ. ਅਤਰ ਸਿੰਘ ਨਿਮਨਲਿਖਤ ਟਿੱਪਣੀ ਦੁਆਰਾ ਪ੍ਰਸਤੁਤ ਕਰਦਾ ਹੈ:

*ਸਦਾਚਾਰਕ ਸੋਚਣੀ ਦੇ ਟਾਕਰੇ ਵਿਚ ਪਦਾਰਥਕ ਦ੍ਰਿਸ਼ਟੀਕੋਣ ਦਾ ਹੱਥ ਉੱਪਰ ਹੋਣ ਲੱਗਾ, ਜਿਸਨੂੰ ਪੂਰਨ ਸਿੰਘ 'ਠੀਕਰੀਆਂ ਦੀ ਪੂਜਾ' ਦਾ ਨਾਂ ਦਿੰਦਾ ਹੈ।*[2]

ਮਨੁੱਖ ਦੀ ਥਾਂ ਪੈਸਾ/ਪਦਾਰਥ ਕੇਂਦਰ ਵਿਚ ਆ ਟਿਕਿਆ। ਆਧੁਨਿਕਤਾ ਦੇ ਨਾਮਕਰਨ ਅਧੀਨ ਵੱਡੇ ਪੱਧਰ ਦੇ ਕ੍ਰਾਂਤੀਕਾਰੀ ਪ੍ਰਭਾਵ ਅਧੀਨ ਨਾਮਧਾਰੀ,

ਗ਼ਦਰ ਅਕਾਲੀ, ਸੁਤੰਤਰਤਾ ਲਹਿਰਾਂ ਪਨਪਣੀਆਂ ਆਰੰਭ ਹੋਈਆਂ, ਦੇਸ਼ ਦੀ ਵੰਡ ਨੇ ਸਮੁੱਚੇ ਚਿੰਤਨ ਦੇ ਸੱਚ ਨੂੰ ਵੰਗਾਰਨਾ ਸ਼ੁਰੂ ਕੀਤਾ। ਸਮੁੱਚਾ ਰਿਸ਼ਤਾ-ਨਾਤਾ ਪ੍ਰਬੰਧ, ਨੈਤਿਕਤਾ ਅਤੇ ਜੀਵਨ-ਮਿਯਾਰਾਂ ਨੂੰ ਵੱਡਾ ਖੋਰਾ ਲੱਗਾ। ਪੁਰਾਣੇ ਸੰਸਕਾਰਾਂ ਅਤੇ ਵਿਸ਼ਵਾਸ ਦੀ ਨਿਰੋਲ ਹੋਂਦ ਘਟਦੀ ਗਈ, ਜਿਸਨੂੰ ਮਨੁੱਖ ਦੇ ਅਚੇਤ ਮਨ ਵਿਚ ਜਗ੍ਹਾ ਮਿਲੀ। ਡਾ. ਅਤਰ ਸਿੰਘ ਪਰੰਪਰਾ ਅਤੇ ਪਰੰਪਰਾਵਾਦ ਦੇ ਅਰਥ ਘੇਰਿਆਂ ਹੈ ਸਮਾਜਿਕ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਨਿਖੇੜਨ ਦਾ ਸਫਲ ਯਤਨ ਕਰਦਾ ਹੈ। ਉਹ 'ਪਰੰਪਰਾ' ਸ਼ਬਦ ਵਿਚਲੇ ਸਕਾਰਾਤਮਕ ਅਰਥਾਂ ਅਤੇ 'ਪਰੰਪਰਾਵਾਦ' ਨੂੰ ਸਾਮਿਅਕ ਕਹਿ ਕੇ ਨਕਾਰਾਤਮਕ ਅਰਥਾਂ ਦੀ ਨਿਸ਼ਾਨਦੇਹੀ ਕਰਦਾ ਧਾਰਨਾ ਪ੍ਰਸਤੁਤ ਕਰਦਾ ਹੈ ਕਿ ''ਸੰਜੀਵ ਪਰੰਪਰਾ ਤੇ ਵਿਅਕਤੀ ਦੇ ਸੰਬੰਧ ਉਲਾਰ ਹੋ ਕੇ ਕਿਤੇ ਪਰੰਪਰਾਵਾਦ ਜਨਮ ਲੈ ਲੈਂਦਾ ਹੈ, ਜੋ ਪਰੰਪਰਾ ਦੇ ਗਤੀਮਾਨ ਸਰੂਪ ਦੀ ਥਾਂ ਉਸ ਦੇ ਕਿਸੇ ਸਾਮਿਅਕ ਰੂਪ ਨੂੰ ਪੂਜਣ ਲਗ ਜਾਂਦਾ ਹੈ ਤੇ ਕਿਤੇ ਵਿਤਕਰੇਵਾਦ ਦਾ ਪਹਿਰਾ ਆਰੰਭ ਹੋ ਜਾਂਦਾ ਹੈ।''[3]

ਸਪੱਸ਼ਟ ਹੈ ਕਿ ਡਾ. ਅਤਰ ਸਿੰਘ ਪਰੰਪਰਾ ਨੂੰ ਸੰਜੀਵ, ਗਤੀਮਾਨ ਸਰੂਪ ਵਾਲੀ ਕਹਿ ਕੇ ਵਿਸ਼ਾਲ ਅਰਥਾਂ ਦੀ ਧਾਰਨੀ ਸਿੱਧ ਕਰਨ ਦਾ ਯਤਨ ਕਰਦਾ ਹੈ ਅਤੇ ਦੂਜੇ ਪਾਸੇ ਪਰੰਪਰਾਵਾਦ ਨੂੰ ਸਾਮਿਅਕ, ਸੀਮਿਤ, ਥੋੜ੍ਹ ਚਿਰਾ ਪ੍ਰਵਾਨ ਕਰਦਾ ਹੈ, ਜੋ ਪਰੰਪਰਾ ਨੂੰ ਜੀਵਤ ਰੱਖਣ ਲਈ ਅਸਮਰਥ ਹੈ।

ਡਾ. ਅਤਰ ਸਿੰਘ ਪੰਜਾਬੀ ਸਾਹਿਤ ਦੇ ਸੰਦਰਭ ਵਿਚ ਪਰੰਪਰਾ ਅਤੇ ਆਧੁਨਿਕਤਾ ਦੇ ਸੰਬੰਧ ਅਤੇ ਸਥਿਤੀ ਨੂੰ ਸਮਝਣ ਸਮਝਾਉਣ ਦਾ ਯਤਨ ਕਰਦਾ ਹੈ। ਉਸ ਅਨੁਸਾਰ ਆਧੁਨਿਕਤਾ ਦਾ ਆਧਾਰ ਵਿਗਿਆਨਕ ਦ੍ਰਿਸ਼ਟੀਕੋਣ ਹੈ ਜਿਸਦਾ ਸੁਭਾਅ ਵਿਸ਼ਲੇਸ਼ਣਕਾਰੀ ਹੈ। ਪੁਰਾਤਨ ਪਰੰਪਰਾ ਦੀ ਵਿਸ਼ੇਸ਼ਤਾ ਨੂੰ ਉਹ ਕਲਾ ਅਤੇ ਜੀਵਨ ਦੇ ਅਮਿਟ ਅੰਤਰ-ਸੰਬੰਧਾਂ ਵਿਚ ਨਿਹਿਤ ਮੰਨਦਾ ਹੈ, ਜੀਵਨ ਦਾ ਕੋਈ ਵੀ ਪੱਖ ਕਲਾ ਦੇ ਘੇਰੇ ਤੋਂ ਬਾਹਰ ਨਹੀਂ। ਉਸ ਅਨੁਸਾਰ:

''ਮਨੁੱਖ, ਉਸਦੀ ਧਰਤੀ, ਉਸਦੇ ਰੱਬ, ਉਸ ਦੇ ਸਮਾਜ ਤੇ ਪੁਰਸ਼-ਇਸਤ੍ਰੀ ਦੇ ਸਦੀਵੀ ਰਿਸ਼ਤਿਆਂ ਨੂੰ ਚਿਤਰਿਆ ਗਿਆ ਹੈ।''[4]

ਪਰ ਜਿਉਂ-ਜਿਉਂ ਸਮਾਂ ਬੀਤਦਾ ਗਿਆ ਪਰੰਪਰਾ ਵਿਚ ਖੜ੍ਹੋਤ ਆਉਣੀ ਆਰੰਭ ਹੋਈ, ਇਸ ਉਪਰੰਤ ਸਾਹਿਤ ਅਤੇ ਕਲਾ ਦੇ ਖੇਤਰ ਵਿਚ ਅਧੋਗਤੀ ਦਾ ਯੁਗ ਆਰੰਭ ਹੋਇਆ। ਸਾਹਿਤ/ਕਲਾ ਦੇ ਕੇਂਦਰ ਜੀਵਨ ਅਨੁਭਵ ਨਾ ਰਹਿ ਕੇ ਰਚਨਾ ਵਿਚਲੀ ਬਣਤਰ, ਕਲਾ-ਰੂਪਾਂ ਦੀ ਪਛਾਣ ਕੇਂਦਰ ਵਿਚ ਆ ਟਿਕੇ, ਭਾਵ ਅਨੁਭਵ ਪੇਸ਼ਕਾਰੀ ਦੀ ਮਹੱਤਤਾ ਰਚਨਾ ਦੇ ਧਰਾਤਲ ਹੇਠ ਛੁਪੀ ਅਮੂਰਤ ਬਣਤਰ ਨੂੰ ਪਛਾਣਨ ਵਲ ਤਰਜੀਹ ਦਿੱਤੀ ਜਾਣ ਲੱਗੀ। ਪੁਰਾਤਨ ਸਾਹਿਤ ਨੂੰ ਪਰੰਪਰਾਵਾਦ ਦੇ ਨਾਮਕਰਣ ਅਧੀਨ ਧਕੇਲ ਦਿੱਤਾ ਗਿਆ। ਡਾ. ਅਤਰ ਸਿੰਘ ਭਗਤੀ ਲਹਿਰ ਨੂੰ ਪਰੰਪਰਾਵਾਦ ਦੇ ਵਿਰੁੱਧ ਬੁਲੰਦ ਲਹਿਰ ਪ੍ਰਵਾਨਦਾ ਹੈ, ਜਿਸਦੇ ਉੱਤਮ ਪ੍ਰਤੀਨਿਧ ਗੁਰੂ ਨਾਨਕ ਦੇਵ ਜੀ ਸਨ। ਗੁਰੂ ਸਾਹਿਬਾਨ ਪਰੰਪਰਾਵਾਦ ਤੋਂ ਵਿਦਰੋਹ ਕਰਕੇ ਨਿਰਜਿੰਦ ਚਿੰਨ੍ਹਾਂ ਦੀ ਥਾਂ ਲੋਕ ਬੋਲੀ, ਛੰਦ ਵਿਧਾਨ ਦੀ ਥਾਂ ਲੋਕ ਗੀਤ ਪੈਟਰਨ ਦੀ ਵਰਤੋਂ, ਅਲੰਕਾਰਯਾਂ ਦੀ ਜਗ੍ਹਾ ਪੰਜਾਬ ਦੇ ਘਰੋਗੀ ਜੀਵਨ ਅਧਾਰਿਤ ਮਿਸਾਲਾਂ ਅਤੇ ਪ੍ਰਕਿਰਤਕ ਵਾਤਾਵਰਣ ਵਿਚੋਂ ਬਿੰਬਾਂ ਨੂੰ ਅਪਣਾ ਕੇ ਬਾਣੀ ਦੀ ਰਚਨਾ ਕੀਤੀ, ਜੋ ਕਿ ਆਮ ਲੋਕਾਂ ਅਤੇ ਉਨ੍ਹਾਂ ਦੀ ਬੋਲੀ ਦੇ ਵਧੇਰੇ ਨੇੜੇ ਪ੍ਰਤੀਤ ਹੁੰਦੀ ਹੈ। ਜਿਸ ਤੋਂ ਡਾ. ਅਤਰ ਸਿੰਘ ਪੁਨਰ-ਜਾਗ੍ਰਿਤੀ ਦੇ ਯੁਗ ਦਾ ਆਰੰਭ ਪ੍ਰਵਾਨ ਕਰਦਾ ਹੈ। ਪੁਨਰ-ਜਾਗ੍ਰਿਤੀ ਯੁਗ ਨੂੰ ਡਾ. ਅਤਰ ਸਿੰਘ ਪਰੰਪਰਾਵਾਦ ਦਾ ਖਾਤਮਾ ਅਤੇ ਪੰਜਾਬੀ ਸਾਹਿਤ ਖਾਸ ਕਰਕੇ ਕਾਵਿ ਦੇ ਖੇਤਰ ਵਿਚ ਮਹਾਨ ਪ੍ਰਾਪਤੀਆਂ ਦੇ ਯੁਗ ਦਾ ਆਰੰਭ ਸਵਿਕਾਰਦਾ ਹੈ।

ਡਾ. ਅਤਰ ਸਿੰਘ 'ਆਧੁਨਿਕਤਾ' ਦੇ ਸੰਕਲਪ ਨੂੰ ਵਿਸ਼ਾਲ ਅਰਥਾਂ ਵਿਚ ਪਰਿਭਾਸ਼ਿਤ ਕਰਨ ਦਾ ਯਤਨ ਕਰਦਾ ਹੈ। ਸੰਪੂਰਨ ਵਿਸ਼ਵ ਦਰਸ਼ਨ ਨੂੰ ਉਹ ਆਧੁਨਿਕਤਾ ਦਾ ਪ੍ਰਮੁੱਖ ਲੱਛਣ-ਮੰਨਦਾ ਹੈ। ਉਸ ਅਨੁਸਾਰ ਸਾਹਿਤ ਵਿਚ ਜੀਵਨ ਦੇ ਇਕ-ਅੱਧ ਅਨੁਭਵ ਪੱਖ ਦੀ ਪੇਸ਼ਕਾਰੀ ਆਧੁਨਿਕਤਾ ਦੇ ਪ੍ਰਭਾਵ ਨੂੰ ਖੰਡਿਤ ਕਰਦੀ ਹੈ। ਆਧੁਨਿਕਤਾ ਨੂੰ ਉਹ ਕੇਂਦਰੀ ਸੱਚ ਤਕ ਪਹੁੰਚਣ ਵਾਲੀ ਪ੍ਰਮੁੱਖ ਕੜੀ ਮੰਨਦਿਆ ਧਾਰਨਾ ਪ੍ਰਸਤੁਤ ਕਰਦਾ ਹੈ ਕਿ:

ਇਹ ਇਕ ਸੰਪੂਰਨ ਵਿਸ਼ਵ ਦ੍ਰਿਸ਼ਟੀਕੋਣ ਹੈ, ਜਿਸਦਾ ਪ੍ਰਮੁੱਖ ਲੱਛਣ ਜੀਵਨ ਨੂੰ ਉਸਦੀਆਂ ਜਟਿਲਤਾਵਾਂ ਅਤੇ ਉਸਦੇ ਸਾਰੇ-ਭਾਗਾਂ ਵਿਭਾਗਾਂ ਦੇ ਬਾਵਜੂਦ ਇਕਾਗਰ ਰੂਪ ਵਿਚ ਵੇਖਣ ਦੀ ਪ੍ਰੇਰਨਾ ਦੇਣਾ ਹੈ।[5]

ਸਪੱਸ਼ਟ ਹੈ ਕਿ ਡਾ. ਅਤਰ ਸਿੰਘ ਆਧੁਨਿਕਤਾ ਦੇ ਅਰਥ ਜੀਵਨ ਦੀ ਸਮੁੱਚੀ ਪੇਸ਼ਕਾਰੀ ਵਿਚ ਨਿਹਿਤ ਪ੍ਰਵਾਨਦਾ ਹੈ। ਉਸ ਅਨੁਸਾਰ ਆਧੁਨਿਕਤਾ ਆਪਣੇ ਲੱਛਣਾਂ ਅਤੇ ਮਨੋਰਥ ਦੇ ਦ੍ਰਿਸ਼ਟੀਕੋਣ ਤੋਂ ਪੁਰਾਤਨ ਪਰੰਪਰਾ ਜੋ ਗੁਰੂ ਨਾਨਕ ਦੇਵ ਜੀ ਨੇ ਤੋਰੀ ਉਸ ਤੋਂ ਵਿਭਿੰਨ ਨਹੀਂ ਦਰਅਸਲ ਆਧੁਨਿਕਤਾ ਪਰੰਪਰਾ ਦਾ ਵਿਕਾਸ ਹੈ। ਵਰਤਮਾਨ ਦੌਰ ਵਿਚ ਪਰੰਪਰਾ ਅਤੇ ਆਧੁਨਿਕਤਾ ਦੇ ਆਪਸੀ ਵਿਰੋਧ ਦਾ ਕਾਰਨ ਉਹ ਪਰੰਪਰਾ ਵਿਚਲੇ ਨਿਰੰਤਰ ਪਰਿਵਰਤਨਸ਼ੀਲ ਰੂਪ ਨੂੰ ਪ੍ਰਵਾਨਦਾ ਹੈ। ਡਾ. ਅਤਰ ਸਿੰਘ ਅਨੁਸਾਰ,

ਅੱਜ ਆਧੁਨਿਕਤਾ ਦਾ ਪ੍ਰਯੋਜਨ ਪਰੰਪਰਾ ਨੂੰ ਨਿਰੰਤਰ ਪਰਿਵਰਤਨਸ਼ੀਲ ਰੂਪ ਵਿਚ ਗਤੀਮਾਨ ਕਰਨਾ ਹੈ ਤੇ ਇਸ ਕਾਰਜ ਵਿਚ

ਪਰੰਪਰਾਵਾਦ ਬਣੀਆਂ ਆਦਤਾਂ ਜਾਂ ਸਿਧਾਏ ਪ੍ਰਤਿਕਰਮਾਂ ਦੇ ਰੂਪ ਵਿਚ, ਉਸਦਾ ਵਿਰੋਧ ਕਰਦਾ ਹੈ।[6]

ਆਧੁਨਿਕਤਾ ਸ਼ਬਦ ਨੂੰ ਵਿਸ਼ਾਲ ਅਰਥਾਂ ਵਿਚ ਗ੍ਰਹਿਣ ਕਰਦਾ ਹੋਇਆ ਡਾ. ਅਤਰ ਸਿੰਘ ਸਪੱਸ਼ਟ ਕਰਦਾ ਹੈ ਕਿ ''ਆਧੁਨਿਕਤਾ ਨੂੰ ਸਵੀਕਾਰ ਕਰਨ ਦਾ ਅਰਥ ਹੈ ਹੁਣ ਦੀ ਘੜੀ ਨੂੰ ਸਵੀਕਾਰ ਕਰਨਾ, ਸਮੇਂ ਦੇ ਹਾਣ ਦਾ ਹੋਣਾ।''[7] ਭਾਵ ਕਿ ਜੋ ਹੁਣ ਵਾਪਰ ਰਿਹਾ ਹੈ, ਉਸ ਪਰਿਵਰਤਨਸ਼ੀਲਤਾ ਨੂੰ ਸਵੀਕਾਰ ਕਰਕੇ ਵਧਣਾ ਹੀ ਆਧੁਨਿਕਤਾ ਹੈ। ਉਸ ਅਨੁਸਾਰ ਆਧੁਨਿਕਤਾ ਦਾ ਪ੍ਰਮੁੱਖ ਲੱਛਣ ਇਕ ਅਜਿਹੇ ਅਨੁਭਵ ਤੇ ਆਧਾਰਿਤ ਹੈ ਜਿਸ ਵਿਚ ਭੂਤਕਾਲ ਤੇ ਭਵਿੱਖ ਅਚੇਤ ਰੂਪ ਵਿਚ ਸੰਮਿਲਤ ਤੇ ਅੰਤਰ-ਸਬੰਧਿਤ ਹੋਣ। ਪੰਜਾਬੀ ਸਾਹਿਤ ਵਿਚ ਭੂਤਕਾਲ ਨੂੰ ਸਮਕਾਲੀ-ਸਥਿਤੀ ਨਾਲ ਅੰਤਰ-ਸਬੰਧਿਤ ਜਾਂ ਸੰਮਿਲਤ ਕਰਨ ਦੇ ਯਤਨ ਜੋ ਭਾਈ ਵੀਰ ਸਿੰਘ ਨੇ ਕੀਤੇ ਡਾ. ਅਤਰ ਸਿੰਘ ਨੂੰ ਇਹ ਸੰਤੋਖਜਨਕ ਪ੍ਰਤੀਤ ਨਹੀਂ ਹੁੰਦੇ। ਇਹੋ ਹੀ ਦ੍ਰਿਸ਼ਟੀ ਅੱਗੋਂ ਪਰੰਪਰਾ ਅਤੇ ਆਧੁਨਿਕਤਾ ਵਿਚ ਸੰਬਾਦ ਉਪਜਾਉਣ ਦਾ ਕਾਰਨ ਬਣਦੀ ਹੈ। ਡਾ. ਅਤਰ ਸਿੰਘ ਅਜਿਹੇ ਲੇਖਕ ਵਰਗ ਦੀ ਮਾਨਸਿਕਤਾ ਨੂੰ ਪਛਾਣਨ ਦਾ ਯਤਨ ਕਰਦਾ ਹੈ ਜੋ ਅਜੇ ਵੀ ਮਾਨਸਿਕ ਤੌਰ 'ਤੇ ਭੂਤਕਾਲ ਵਿਚ ਜਿਉਣ ਨੂੰ ਤਰਜੀਹ ਦਿੰਦੇ ਹਨ, ਇਨ੍ਹਾਂ ਲੇਖਕਾਂ ਤੇ ਪਾਠਕਾਂ ਦੀ ਕਾਵਿਕ ਚੇਤਨਾ ਨੂੰ ਵੀ ਉਹ ਨਿਰੋਲ ਪਰੰਪਰਾਵਾਦੀ ਸਵਿਕਾਰਦਾ ਹੈ ਕਿਉਂਕਿ ਉਹ ਭਾਸ਼ਾ ਅਤੇ ਛੰਦ ਵਿਧਾਨ ਦੇ ਨਵਿਆਉਣ ਨੂੰ ਨਕਾਰਦੇ ਹਨ।

ਪਹਿਲੇ ਵਰਗ ਦੇ ਵਿਚ ਉਨ੍ਹਾਂ ਲੋਕਾਂ (ਪਾਠਕਾਂ/ਲੇਖਕਾਂ) ਦੀ ਸ਼ਮੂਲੀਅਤ ਕੀਤੀ ਗਈ ਹੈ ਜੋ ਭੂਤਕਾਲ ਅਤੇ ਸੰਸਕ੍ਰਿਤੀ ਪ੍ਰਤਿ ਕੱਟੜ ਰਵੱਈਆ ਅਖਤਿਆਰ ਕਰ ਚੁੱਕੇ ਹਨ। ਪਰਿਵਰਤਨ ਨੂੰ ਅਨੁਕੂਲਨ ਅਤੇ ਸਵਿਕਾਰਨ ਪ੍ਰਤਿ ਨਾਂਹਮੁਖੀ ਹਨ। ਡਾ. ਅਤਰ ਸਿੰਘ ਦੂਜੇ ਵਰਗ ਵਿਚ ਵਕੀਲ, ਡਾਕਟਰ, ਧਨਾਢ, ਵਿਦਿਆਰਥੀ, ਅਧਿਆਪਕ, ਮਜ਼ਦੂਰਾਂ ਦਾ ਸ਼ੁਮਾਰ ਕਰਦਾ ਹੈ ਜੋ ਰੂੜ੍ਹੀਵਾਦੀ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਚੁਕਿਆ ਹੈ ਪਰੰਤੂ ਨਵੀਆਂ ਕਦਰਾਂ-ਕੀਮਤਾਂ ਅਤੇ ਜੀਵਨ ਸ਼ੈਲੀ ਪ੍ਰਤਿ ਵੀ ਇਸ ਵਰਗ ਦਾ ਰਵੱਈਆ ਕੋਈ ਬਹੁਤਾ ਸਕਾਰਾਤਮਕ ਨਹੀਂ ਹੈ। ਇਸ ਵਰਗ ਦੇ ਲੋਕਾਂ ਦੇ ਸਭਿਆਚਾਰਕ ਅਤੇ ਕਦਰਾਂ-ਕੀਮਤਾਂ ਦੇ ਪੈਟਰਨ-ਪ੍ਰਣਾਲੀ ਨੂੰ ਡਾ. ਅਤਰ ਸਿੰਘ 'ਕਿਸ਼-ਕਲਚਰ' ਦਾ ਨਾਂ ਦਿੰਦਾ ਹੈ। ਇਸ ਵਰਗ ਦੇ ਲੋਕਾਂ ਦੀ ਮਾਨਸਿਕਤਾ ਦੀ ਨਿਸ਼ਾਨਦੇਹੀ ਕਰਦਾ ਡਾ. ਅਤਰ ਸਿੰਘ ਦੀ ਨਿਮਨਲਿਖਤ ਟਿੱਪਣੀ ਵਿਚਾਰਨਯੋਗ ਹੈ:

ਇਹ ਗਿਆਨ ਸਾਹਿਤ ਨਾਲੋਂ ਰੀਡਰਜ਼ ਡਾਈਜੈਸਟ, ਪੁਸਤਕਾਂ ਨਾਲੋਂ ਵੱਧ ਰਸਾਲੇ ਅਖ਼ਬਾਰਾਂ, ਨਾਟਕ ਨਾਲੋਂ ਵਧ ਸਿਨੇਮੇ ਤੇ ਉੱਤਮ ਕਰਤਾਰੀ ਸਾਹਿਤ ਨਾਲੋਂ ਵੱਧ ਜਾਸੂਸੀ, ਜਿਨਸੀ ਤੇ ਉਪਭਾਵੁਕ ਲਿਖਤਾਂ ਦੀ ਸਰਪ੍ਰਸਤੀ ਕਰਦਾ ਹੈ। ਇਹ ਸਾਹਿਤ ਅਜਿਹਾ ਹੈ ਜਿਸ ਨੂੰ ਜਿਉਂਦਾ ਵਿਅਕਤੀ ਨਹੀਂ ਰਚਦਾ, ਸ੍ਵੈ-ਚਾਲੂ ਯੰਤਰ ਤਿਆਰ ਕਰਦਾ ਹੈ।[8]

ਉਪਰੋਕਤ ਟਿੱਪਣੀ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਡਾ. ਅਤਰ ਸਿੰਘ ਨੂੰ ਇਸ ਵਰਗ ਦੁਆਰਾ ਗਿਆਨ, ਸਾਹਿਤ, ਉੱਤਮ ਸਾਹਿਤ ਦੀ ਸਾਰਥਿਕਤਾ ਦੀ ਨਿਸ਼ਾਨਦੇਹੀ ਕਰਨਾ ਅਸੰਭਵ ਪ੍ਰਤੀਤ ਹੁੰਦਾ ਹੈ। ਇਸ ਸਭ ਕੁਝ ਲਈ ਉਹ ਆਲੋਚਨਾਤਮਕ ਸੂਝ ਦੀ ਕਮੀ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ, ਜੋ ਉੱਤਮ ਸਾਹਿਤ ਦੇ ਪੈਰਾਡਾਈਮ ਜਾਂ ਮਾਪ-ਦੰਡ ਨੂੰ ਨਿਰਧਾਰਿਤ ਕਰਨ ਵਿਚ ਅਸਮਰੱਥ ਰਹੀ ਹੈ। ਜੋ ਕਿ ਸਾਹਿਤਕਾਰਾਂ ਲਈ ਯੋਗ ਪ੍ਰੇਰਨਾ/ਉਤਸ਼ਾਹ ਦੀ ਸ੍ਰੋਤੀ ਨਹੀਂ ਬਣ ਸਕੀ।

ਡਾ. ਅਤਰ ਸਿੰਘ ਅਨੁਸਾਰ ਪਰੰਪਰਾ ਤੇ ਆਧੁਨਿਕਤਾ ਦਾ ਸੰਬਾਦ ਤਾਂ ਹੀ ਸਾਰਥਕ ਹੋ ਸਕਦਾ ਹੈ ਜੇਕਰ ਆਧੁਨਿਕ ਬੌਧਿਕ ਵਿਚਾਰਧਾਰਾ ਨੂੰ ਨਿਰੋਲ ਸਾਹਿਤ ਦੇ ਘੇਰੇ ਤੋਂ ਬਾਹਰ ਲਿਆ ਕੇ ਪ੍ਰਸਾਰਿਤ ਤੇ ਪ੍ਰਚਾਰਿਤ ਕੀਤਾ ਜਾਵੇ। ਇਸ ਮਨੋਰਥ ਪੂਰਤੀ ਦੀ ਜ਼ਿੰਮੇਵਾਰੀ ਡਾ. ਅਤਰ ਸਿੰਘ ਤੀਸਰੇ ਵਰਗ ਦੇ ਪਾਠਕਾਂ/ਲੇਖਕਾ ਨੂੰ ਸੌਂਪਣ ਨੂੰ ਤਰਜੀਹ ਦਿੰਦਾ ਹੈ, ਜੋ ਕਿ ਅਜੇ ਵਿਰਲੇ/ਟਾਵੇਂ ਹੀ ਪ੍ਰਤੀਤ ਹੁੰਦੇ ਹਨ। ਇਸ ਵਰਗ ਵਿਚ ਉਹ ਉਨ੍ਹਾਂ ਲੋਕਾਂ ਦੀ ਸ਼ਮੂਲੀਅਤ ਕਰਦਾ ਹੈ ਜੋ ਇਕ ਪਾਸੇ ਆਧੁਨਿਕਤਾ ਨੂੰ ਆਪਣੇ ਆਪ ਵਿਚ ਸੰਜਰਣ ਤੇ ਦੂਜੇ ਪਾਸੇ ਸਾਹਿਤਕ ਤੇ ਸਾਂਸਕ੍ਰਿਤਕ ਵਿਰਸੇ ਦੀ ਅਮੀਰੀ ਨੂੰ ਜਿਉਂਦਾ ਜਾਗਦਾ ਰੱਖਣਾ ਚਾਹੁੰਦੇ ਹਨ।

ਡਾ. ਅਤਰ ਸਿੰਘ ਆਧੁਨਿਕ ਸਾਹਿਤ ਪ੍ਰਤਿ ਬੌਧਿਕ ਚਿੰਤਨ ਦੀ ਘਾਟ ਨੂੰ ਮਹਿਸੂਸਦਾ ਪ੍ਰਤੀਤ ਹੁੰਦਾ ਹੈ। ਕਿਉਂਕਿ ਉਸਨੂੰ ਇਕ ਪਾਸੇ ਆਧੁਨਿਕ ਸਾਹਿਤ ਸੱਚ ਦੇ ਧਰਾਤਲ ਦੀ ਨਿਸ਼ਾਨਦੇਹੀ ਕਰਨ ਵਿਚ ਅਸਫਲ ਪ੍ਰਤੀਤ ਹੁੰਦਾ ਹੈ ਅਤੇ ਦੂਜੇ ਪਾਸੇ ਆਲੋਚਨਾਤਮਕ ਕਾਰਜ ਵਿਚ ਵਿਚ ਵੀ ਬੌਧਿਕ ਚੇਤਨਾ ਦਾ ਧੁੰਦਲਾਪਨ ਮਹਿਸੂਸ ਹੁੰਦਾ ਹੈ ਜੋ ਕਿ ਭੇਖੀ ਯਥਾਰਥਵਾਦ ਤੇ ਨਾਅਰੇਬਾਜ਼ੀ ਤਕ ਸੀਮਿਤ ਸਾਹਿਤ ਦੀ ਅਸਲੀਅਤ ਦਾ ਪਰਦਾਫਾਸ਼ ਕਰਨ ਵਿਚ ਅਸਫਲ ਰਿਹਾ ਹੈ।

ਜੇਕਰ ਸਾਡੇ ਪਾਠਕ ਅਤੇ ਆਲੋਚਕ ਅਜੇ ਵੀ ਸੁਚੇਤ ਬੁਧੀਜੀਵੀ ਪੱਧਰ ਤੇ ਪਰੰਪਰਾ ਤੇ ਆਧੁਨਿਕਤਾ ਨੂੰ ਅੰਤਰ-ਸਬੰਧਿਤ ਕਰਨ ਵਿਚ ਅਸਮਰੱਥ ਰਹੇ ਤਾਂ ਭਵਿੱਖ ਵਿਚ ਪੰਜਾਬੀ ਸਾਹਿਤ ਦੀ ਉੱਤਮਤਾ ਨੂੰ ਸਥਾਪਿਤ ਕਰਨਾ ਵੱਡੀ ਚੁਣੌਤੀ ਬਣ ਸਕਦਾ ਹੈ। ਸੰਸਾਰ ਸਾਹਿਤ ਵਿਚ ਪੰਜਾਬੀ ਸਾਹਿਤ ਦੇ ਸਥਾਨ ਦੀ ਗੱਲ ਤਾਂ ਇਕ ਪਾਸੇ ਅਸੀਂ ਭਾਰਤੀ ਸਾਹਿਤ ਦੇ ਪਿਛਲਗ ਦੀ

ਪਦਵੀ ਧਾਰਨ ਕਰ ਜਾਵਾਂਗੇ, ਜੋ ਸਾਡੀ ਹੋਂਦ ਲਈ ਸਭ ਤੋਂ ਵੱਡਾ ਪ੍ਰਸ਼ਨ ਚਿੰਨ੍ਹ ਹੋਵੇਗਾ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਡਾ. ਅਤਰ ਸਿੰਘ ਪਰੰਪਰਾ ਤੇ ਆਧੁਨਿਕਤਾ ਨੂੰ ਵਿਸ਼ਾਲ ਅਰਥਾਂ ਵਿਚ ਗ੍ਰਹਿਣ ਕਰਦਾ ਹੋਇਆ, ਇਨ੍ਹਾਂ ਦੇ ਆਪਸੀ ਸੰਬਾਦ ਅਤੇ ਅੰਤਰ-ਸਬੰਧਾਂ ਨੂੰ ਪਛਾਨਣ ਦੀ ਗੱਲ ਕਰਦਾ ਹੈ। ਆਧੁਨਿਕ ਸਾਹਿਤ ਵਿਚ ਬੌਧਿਕ ਚਿੰਤਨ ਦੀ ਘਾਟ ਨੂੰ ਮਹਿਸੂਸਦਾ ਹੋਇਆ ਆਪਣੀ ਚਿੰਤਾ ਵੀ ਜ਼ਾਹਿਰ ਕਰਦਾ ਹੈ। ਅਜਿਹੇ ਸਾਹਿਤਕ ਤੇ ਚਿੰਤਨ ਦੇ ਵਾਯੂਮੰਡਲ ਦਾ ਨਕਸ਼ਾ ਪ੍ਰਸਤੁਤ ਕੀਤਾ ਜਿਸ ਵਿਚ ਵਿਭਿੰਨ ਸਭਿਆਚਾਰਕ, ਸਮਾਜਿਕ ਰਾਜਨੀਤਿਕ ਪੱਖਾਂ ਦੀ ਪੇਸ਼ਕਾਰੀ ਪਰੰਪਰਾ ਦੀਆਂ ਪ੍ਰਾਪਤੀਆਂ ਤੇ ਆਧੁਨਿਕਤਾ ਅਧੀਨ ਭਵਿੱਖ ਦੀਆਂ ਲੋਕਾਂ ਨਾਲ ਅੰਤਰ-ਸਬੰਧਿਤ ਕਰਕੇ ਕੀਤੀ ਜਾਵੇ ਤਾਂਹੀ ਪੰਜਾਬੀ ਸਾਹਿਤ ਉੱਤਮ ਤੇ ਕਰਤਾਰੀ ਸਾਹਿਤ ਦੀ ਵੰਨਗੀ ਵਿਚ ਪ੍ਰਵੇਸ਼ ਕਰਕੇ ਚਿਰੰਜੀਵੀ ਦਰਜਾ ਹਾਸਿਲ ਕਰ ਸਕਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. ਭਾਟੀਆ, ਹਰਿਭਜਨ ਸਿੰਘ (ਸੰਪ.), **ਡਾ. ਅਤਰ ਸਿੰਘ ਸਾਹਿਤ ਚਿੰਤਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003, ਪੰਨਾ: 14.
2. ਡਾ. ਅਤਰ ਸਿੰਘ, **ਸਮਦਰਸ਼ਨ**, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1982, ਪੰਨਾ: 14.
3. ਉਹੀ, ਪੰਨਾ: 15.
4. ਉਹੀ, ਪੰਨਾ: 74.
5. ਉਹੀ, ਪੰਨਾ: 76.
6. ਉਹੀ, ਪੰਨਾ: 77.
7. ਉਹੀ, ਪੰਨਾ: 77.
8. ਉਹੀ, ਪੰਨਾ: 79.



***Cite this Article-***

*ਡਾ. ਰਜਿੰਦਰ ਕੌਰ (Dr. Rajinder Kaur), ਪਰੰਪਰਾ ਬਨਾਮ ਆਧੁਨਿਕਤਾ ('ਸਮਦਰਸ਼ਨ' ਦੇ ਪ੍ਰਸੰਗ ਵਿਚ) PARAMPARA BANAM AADHUNIKTA ('SAMDARSHAN' DE PRASANG VICH), ਅਰਮਾਨ (ARMAAN), ISSN: 2583-9446, Volume 3, Issue 2, April-June 2025, Page: 105-109.*

***Journal URL:** www.armaan.org.in*

***DOI:** https://doi.org/10.64119/armaan.vol.3.issue2.18*



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*